# ਅਹਿਸਾਸ

1 : ਬੋਲੋ... ਏ, ਬੀ, ਸੀ
ਬਾਕੀ : ਏ, ਬੀ, ਸੀ
1 : ਕਿਥੇ ਗਈ ਸੀ
ਬਾਕੀ : ਰਾਜਾ ਜੀ ਦੇ ਦਰਬਾਰ ਗਈ ਸੀ
1 : ਕੀ ਲੈਣ ਗਈ ਸੀ ?
ਬਾਕੀ : ਖੁਸ਼ੀਆਂ ਲੈਣ ਗਈ ਸੀ।
1 : ਕੀ ਖੁਸ਼ੀਆਂ ਮਿਲੀਆਂ ?
ਬਾਕੀ : ਨਹੀਂ।
1 : ਕਿਉਂ ?
2 : ਕਿਉਂਕਿ ਮੈਂ ਇਕ ਔਰਤ ਹਾਂ
3 : ਇਕ ਧੀ ਹਾਂ
4 : ਇਕ ਭੈਣ ਹਾਂ
5 : ਇਕ ਪਤਨੀ ਹਾਂ
6 : ਇਕ ਜਨਾਨੀ ਹਾਂ ?
ਇਕੱਠੀਆਂ : ਪਰ ਇਨਸਾਨ ਨਹੀਂ ਹਾਂ, ਸਾਨੂੰ ਦੱਸਿਆ ਗਿਆ ਹੈ।
1 : ਉੱਚਾ ਨਾ ਬੋਲੋ
2 : ਉੱਚਾ ਨਾ ਹੱਸੋ
3 : ਉੱਚਾ ਨਾ ਦੇਖੋ
ਇਕੱਠੀਆਂ : ਬਸ ਨੀਵਾਂ ਹੀ ਨੀਵਾਂ
4 : ਜੀਵਨ ਤੁਹਾਡਾ
5 : ਵਿਹਾਰ ਤੁਹਾਡਾ
6 : ਸੰਸਾਰ ਤੁਹਾਡਾ
1 : ਨੀਵੀਆਂ ਅੱਖਾਂ, ਨੀਵੀਆਂ ਨਜ਼ਰਾਂ
2 : ਦਬੇ ਚਾਅ, ਦਬੀਆਂ ਖਾਹਸ਼ਾਂ
3 : ਖਾਲੀ ਅਰਮਾਨ, ਖਾਲੀ ਸੋਚਾਂ
4 : ਅਧੂਰੇ ਜਜ਼ਬੇ, ਅਧੂਰੀਆਂ ਆਸਾਂ
5 : ਕੈਦ ਕਲਪਨਾ, ਕੈਦ ਉਮੀਦਾਂ
6 : ਸੁੰਨੇ ਦਿਨ ਸੁੰਨੀਆਂ ਰਾਤਾਂ

ਇਕੱਠੀਆਂ : ਇਹ ਹੈ ਜੀਵਨ ਸਾਡਾ
ਇਹ ਹੈ ਵਿਹਾਰ ਸਾਡਾ
ਇਹ ਹੈ ਸੰਸਾਰ ਸਾਡਾ

1 : ਪਿਛੇ ਪਿਛੇ ਜਾਣਾ

2 : ਪਿਛੇ ਪਿਛੇ ਤੁਰਨਾ

3 : ਕੁਝ ਨਹੀਂ ਸੋਚਣਾ

4 : ਬਾਹਰ ਨਹੀਂ ਵੇਖਣਾ

5 : ਸਿਮਟ ਕੇ ਰਹਿਣਾ

6 : ਘਰ ਵਿਚ ਬਹਿਣਾ

ਇਕੱਠੀਆਂ : ਇਹ ਹੈ ਜੀਵਨ ਸਾਡਾ
ਇਹ ਹੈ ਵਿਹਾਰ ਸਾਡਾ
ਇਹ ਹੈ ਸੰਸਾਰ ਸਾਡਾ

1, 2, 3 : ਇਹਦਾ ਹੈ ਅਹਿਸਾਸ ਸਾਨੂੰ

4, 5, 6 : ਇਹ ਅਹਿਸਾਸ ਦੇਣਾ ਤੁਹਾਨੂੰ

ਇਕੱਠੀਆਂ : ਇਹ ਹੈ ਨਾਟਕ ਅੱਜ ਦਾ
ਨਾਟਕ ਅੱਜ ਦਾ
ਨਾਟਕ ਅੱਜ ਦਾ

*(ਕਹਿੰਦੀਆਂ ਕਹਿੰਦੀਆਂ ਸਟੇਜ ਤੋਂ ਇਕ ਪਾਸੇ ਬਾਹਰ ਜਾਂਦੀਆਂ ਹਨ।)*

ਏ : ਕਮਲਾ ਕਮਲਾ ਕਿਧਰ ਚਲੀ ਗਈ ਏਂ ?

2 : ਜਾਣਾ ਕਿਧਰ ਏ, ਮੁੰਨੇ ਨੂੰ ਤਿਆਰ ਕਰ ਰਹੀ ਹਾਂ, ਪਰ ਗੱਲ ਕੀ ਏ?

ਏ : ਗੱਲ ਕੀ ਹੋਣੀ ਏ, ਜਰਾਬਾਂ ਨਹੀਂ ਲੱਭ ਰਹੀਆਂ।

2 : ਜਿਥੇ ਬੂਟ ਹੋਣੇ ਨੇ ਉਥੇ ਜਰਾਬਾਂ ਵੀ ਹੋਣੀਆਂ ਹੋਈਆਂ ਨੇ।

ਏ : ਤੂੰ ਤੇ ਪੋਲੇ ਮੂੰਹ ਨਾਲ ਕਹਿ ਦਿੱਤਾ, ਮੇਰਾ ਇਥੇ ਵਕਤ ਖਰਾਬ ਹੋ ਰਿਹਾ ਏ।

2 : ਅੱਛਾ ਆ ਕੇ ਲੱਭ ਦੇਨੀ ਆਂ।

ਏ : ਨਾਲੇ ਕਮੀਜ਼ ਦਾ ਬਟਨ ਟੁੱਟਾ ਏ।

2 : ਰਾਤੀਂ ਵੇਖ ਲੈਣਾ ਸੀ।

ਏ : ਰਾਤੀ ਮੈਨੂੰ ਸੁਪਨਾ ਆਉਣਾ ਸੀ ?

2 : ਫੇਰ ਆ ਕੇ ਲਾ ਦੇਨੀ ਹਾਂ।

ਏ : ਕਦੋਂ ਲਾ ਦੇਵੇਂਗੀ ?

2 : ਬਸ ਮੁੰਨੇ ਦੀ ਕੰਘੀ ਕਰ ਰਹੀ ਹਾਂ।

ਏ : ਤੂੰ ਮੁੰਨੇ ਦੀ ਕੰਘੀ ਕਰ ਰਹੀ ਏਂ ਪਰ ਇਥੇ ਆਪਣਾ ਕੰਘਾ ਹੋ ਜਾਂਦਾ ਏ। ਦਫਤਰੋਂ ਦੇਰ ਕਰਵਾ ਦੇਵੇਂਗੀ।

2 : ਫੇਰ ਸਵੇਰੇ ਉਠ ਪਿਆ ਕਰੋ।

ਏ : ਸਵੇਰੇ ਹੀ ਉਠਿਆਂ ਸਾਂ, ਇਥੇ ਕੋਈ ਚੀਜ਼ ਲਭੇ ਵੀ ਨਾ, ਰੁਮਾਲ ਹੀ ਨਹੀਂ ਲੱਭਦਾ।

2 : ਅਲਮਾਰੀ ਵਿਚੋਂ ਹੋਰ ਕੱਢ ਲਵੋ, ਕੱਲ ਵਾਲਾ ਮੈਂ ਧੋ ਦਿੱਤਾ ਹੈ, ਹਾਲੀ ਸੁੱਕਿਆ ਨਹੀਂ।

ਏ : ਬਸ ਇਹੋ ਤੇਰੀ ਗੱਲ ਮਾੜੀ ਏ, ਕਿੰਨੀ ਵਾਰੀ ਕਿਹਾ ਏ ਕਿ ਮੇਰੀਆਂ ਚੀਜ਼ਾਂ ਨਾ ਛੇੜਿਆ ਕਰ।

2 : ਹੁਣ ਗੰਦਾ ਰੁਮਾਲ ਧੋਵਾਂ ਵੀ ਨਾ? ਉਥੇ ਦਫਤਰ ਜਾਕੇ ਵੇਖਦੇ ਤੇ ਫੇਰ ਕਹਿੰਦੇ ਕਿ ਇਹੋ ਜਿਹੀ ਪਤਨੀ ਦਾ ਕੀ ਫਾਇਦਾ ਜਿਹੜੀ ਰੁਮਾਲ ਵੀ ਨਹੀਂ ਧੋ ਸਕਦੀ।

*(ਏ ਬੁੜ ਬੁੜ ਕਰਦਾ ਬਾਹਰ ਜਾਂਦਾ ਹੈ।)*

1 : ਹਾਂ ਪਤਨੀਆਂ ਦੇ ਫਾਇਦਿਆਂ ਵਿਚੋਂ ਇਹ ਫਾਇਦਾ ਤੁਸੀਂ ਆਮ ਸੁਣਿਆ ਹੋਣਾ ਏ...

3 : ਪਤਨੀ ਉਹ ਜੋ ਘਰ ਵਿਚ ਸਾਰਿਆਂ ਨਾਲੋਂ ਪਹਿਲੇ ਉੱਠੇ।

4 : ਜਦੋਂ ਹੋਰ ਸੁੱਤੇ ਹੋਣ ਤਾਂ ਉਹ ਬੈੱਡ ਟੀ ਬਣਾਵੇ।

5 : ਪਿਆਲਾ ਲੈਕੇ ਪਤੀ ਨੂੰ ਜਗਾਵੇ।

1 : ਪਤੀ ਨਹਾਉਣ ਜਾਵੇ ਤਾਂ ਤੋਲੀਆ ਫੜਾਵੇ।

3 : ਦਫਤਰ ਜਾਣ ਤੱਕ ਉਹਦੀ ਹਰ ਗੱਲ 'ਤੇ ਰਹੇ।

4 : ਪਤੀ ਨੂੰ ਜੁਰਾਬ ਨਹੀਂ ਲਭ ਰਹੀ, ਜਰਾਬ ਲਭਾਏ।

3 : ਪਤੀ ਨੂੰ ਰੁਮਾਲ ਨਹੀਂ ਲੱਭ ਰਿਹਾ, ਰੁਮਾਲ ਲਭਾਏ।

1 : ਇਹ ਪਤੀ ਕੌਣ ਹੈ?

3 : ਦਫਤਰ ਵਿਚ ਨੌਕਰੀ ਕਰਦਾ ਹੈ।

4 : ਇਹ ਪਤਨੀ ਕੌਣ ਹੈ?

3 : ਸਕੂਲ ਵਿਚ ਪੜ੍ਹਾਉਂਦੀ ਹੈ, ਇਹ ਵੀ ਕਮਾਉਂਦੀ ਹੈ।

1 : ਪਰ ਫੇਰ ਵੀ ਘਰ ਦੇ ਕੰਮ ਤੋਂ ਫਾਰਗ ਨਹੀਂ, ਕਿਉਂ?

3, 4, 5 : ਕਿਉਂਕਿ ਇਹ ਔਰਤ ਹੈ।

1 : ਹਾਂ ਮੈਂ ਔਰਤ ਹਾਂ, ਘਰ ਦੇ ਸਾਰੇ ਜੀਆਂ ਦੀ ਜ਼ਿੰਮੇਵਾਰੀ ਮੇਰੇ ਉੱਤੇ ਹੈ।

2 : ਇਹ ਵੀ ਕੰਮ ਤੋਂ ਆਇਆ ਏ, ਮੈਂ ਵੀ ਕੰਮ ਤੋਂ ਆਈ ਹਾਂ।

3 : ਉਹ ਵੀ ਥੱਕਿਆ ਏ, ਮੈਂ ਵੀ ਥੱਕੀ ਹਾਂ।
4 : ਉਹ ਆਰਾਮ ਕਰਦਾ ਹੈ, ਮੈਂ ਚਾਹ ਬਣਾਉਂਦੀ ਹਾਂ।
5 : ਉਹਦੇ ਦੋਸਤ ਆਉਂਦੇ ਨੇ, ਮੈਂ ਚਾਹ ਬਣਾਂਦੀ ਹਾਂ।
1 : ਉਹ ਗੱਪ ਲਗਾਉਂਦੇ ਨੇ।
2 : ਉਹ ਦੋਸਤਾਂ ਨਾਲ ਬਾਹਰ ਜਾਂਦਾ ਹੈ, ਮੈਂ ਰੋਟੀ ਬਣਾਉਂਦੀ ਹਾਂ।
3 : ਉਹ ਘਰ ਲੇਟ ਆਉਂਦਾ ਹੈ, ਮੈਂ ਉਡੀਕ ਕਰਦੀ ਹਾਂ।
4 : ਉਹ ਘੂਕ ਸੌਂਦਾ ਹੈ, ਮੈਂ ਰਾਤ ਜਾਗਦੀ ਹਾਂ।
5 : ਉਹਦੇ ਜਾਗਣ ਤੋਂ ਪਹਿਲਾਂ ਮੈਂ ਬੈੱਡ ਟੀ ਬਣਾਉਂਦੀ ਹਾਂ।
ਇਕੱਠੀਆਂ : ਤਾਂ ਇਸ ਤਰ੍ਹਾਂ ਚੱਕਰ ਚਲਦਾ ਹੈ
ਦਿਨ ਤੇ ਰਾਤ ਦਾ
ਆਥਣ ਤੇ ਪ੍ਰਭਾਤ ਦਾ
ਲੰਮੀ ਦਾਸਤਾਨ ਦੀ ਇਹ ਪਹਿਲੀ ਝਾਕੀ ਹੈ
ਲੀਰੋ ਲੀਰ ਗਲਮੇ ਦੀ ਇਕ ਇਕ ਟਾਕੀ ਹੈ

*(ਪਿੱਠ ਕਰਕੇ ਫੇਰ ਸਟਿੱਲ ਹੋ ਜਾਂਦੀਆਂ ਹਨ।)*

1 : ਮੇਰਾ ਵੀਰ ਇਕ ਲੇਖਕ ਹੈ।
2 : ਉਹ ਕਹਾਣੀਆਂ ਲਿਖਦਾ ਹੈ।
3 : ਲੋਕਾਂ ਦਾ ਦਰਦ ਪ੍ਰਗਟਾਉਂਦਾ ਹੈ।
4 : ਗੂੰਗਿਆਂ ਨੂੰ ਜ਼ਬਾਨ ਦੇਂਦਾ ਹੈ।
5 : ਪਰ ਉਹ ਆਪਣੀ ਪਤਨੀ ਨੂੰ ਗੂੰਗੀ ਸਮਝਦਾ ਹੈ।
5 : ਕੀ ਲਿਖ ਰਹੇ ਹੋ ?
ਏ : ਇਕ ਕਹਾਣੀ ਲਿਖ ਰਿਹਾ ਹਾਂ।
5 : ਕੀਹਦੇ ਬਾਰੇ ਲਿਖ ਰਹੇ ਹੋ ?
ਏ : ਇਕ ਕੁੜੀ ਬਾਰੇ ਲਿਖ ਰਿਹਾ ਹਾਂ
6 : ਕਿਹੜੀ ਕੁੜੀ ਬਾਰੇ ਲਿਖ ਰਹੇ ਹੋ ?
ਏ : ਬੜੇ ਅਰਮਾਨ ਲੈਕੇ ਸਹੁਰੇ ਘਰ ਆਉਂਦੀ ਹੈ ਪਰ ਉਹਦੇ ਅਰਮਾਨ ਕੁਚਲੇ ਜਾਂਦੇ ਹਨ।
6 : ਅਰਮਾਨ ਕਿਉਂ ਕੁਚਲੇ ਜਾਂਦੇ ਹਨ ?
ਏ : ਕਿਉਂਕਿ ਉਹਦਾ ਪਤੀ ਉਹਦੇ ਅਰਮਾਨ ਨਹੀਂ ਸਮਝਦਾ।
6 : ਉਹ ਉਹਦੇ ਅਰਮਾਨ ਕਿਉਂ ਨਹੀਂ ਸਮਝਦਾ ?
ਏ : ਤੂੰ ਤੇ ਖਹਿੜੇ ਪੈ ਗਈ ਏਂ।
1 : ਜਿਸਦੇ ਅਰਮਾਨ ਕੁਚਲੇ ਗਏ, ਪਰ ਕੋਲ ਬੈਠੀ ਕੁੜੀ ਦੇ ਅਰਮਾਨ ਨਹੀਂ ਸਮਝਦਾ, ਕਿਉਂ ?

2 : ਕਿਉਂਕਿ ਉਹ ਇਕ ਔਰਤ ਹੈ।

3 : ਰੋਟੀ ਪਕਾਉਣ ਵਾਲੀ।

4 : ਕਪੜੇ ਧੋਣ ਵਾਲੀ

5 : ਉਹ ਉਹਦੀ ਕਲਪਨਾ ਦੀ ਕੁੜੀ ਨਹੀਂ।

3 : ਜਿਸਦੇ ਹੋਂਠ ਗੁਲਾਬ ਦੀਆਂ ਪੱਤੀਆਂ ਹੋਣ।

4 : ਜਿਸਦੀਆਂ ਜ਼ੁਲਫਾਂ ਕਾਲੀਆਂ ਘਟਾਵਾਂ ਹੋਣ।

5 : ਜਿਸਦੀਆਂ ਅੱਖਾਂ ਨਰਗਸੀ ਹੋਣ।

1 : ਜਿਸਦੇ ਹਾਸਿਆਂ ਵਿਚ ਟੱਲੀਆਂ ਗੂੰਜਣ।

2 : ਜਿਸਦੇ ਬੋਲਾਂ ਵਿਚ ਸੰਗੀਤ ਦੀ ਲੈਅ ਹੋਵੇ।

3 : ਪਰ ਮੈਂ ਤਾਂ ਸਿਰਫ ਇਕ ਔਰਤ ਹਾਂ। ਇਸ ਲਈ ਮੇਰੇ ਲੇਖਕ ਪਤੀ ਨੂੰ ਮੇਰੇ ਅਰਮਾਨਾਂ ਦੀ ਕੋਈ ਕਦਰ ਨਹੀਂ ਸੀ।

ਇਕੱਠੀਆਂ : ਔਰਤ ਦੀ ਦਾਸਤਾਨ ਦੀ ਇਹ ਦੂਜੀ ਝਾਕੀ ਹੈ ਪਰ ਉਠਣਾ ਨਾ, ਹਾਲੀ ਬਹੁਤ ਕੁਝ ਬਾਕੀ ਹੈ।

*(ਫੇਰ ਪਹਿਲੇ ਵਾਲੀ ਪੁਜੀਸ਼ਨ 'ਤੇ ਸਟਿੱਲ।)*

4 : ਮੈਂ ਇਕ ਪੜ੍ਹੀ ਲਿਖੀ ਕੁੜੀ ਹਾਂ। ਮੇਰੀ ਕਹਾਣੀ ਸੁਣੋ।

5 : ਹਾਂ ਪੜ੍ਹੀ ਲਿਖੀ ਕੁੜੀ ਹੈ।

1 : ਸਾਡਿਆਂ ਸਾਰਿਆਂ ਵਿਚੋਂ ਇਕ ਇਹਦੀ ਕਹਾਣੀ ਸਾਡੀ ਸਾਰੀਆਂ ਦੀ ਸਾਂਝੀ ਕਹਾਣੀ ਹੈ।

2 : ਇਹ ਉਮਰ ਦੇ ਇਸ ਪੜਾਅ ਵਿਚ ਹੈ ਜਦੋਂ ਮਾਪਿਆਂ ਨੂੰ ਫਿਕਰ ਹੁੰਦੀ ਹੈ ਕਿ ਹੁਣ ਉਹ ਆਪਣੇ ਘਰ ਜਾਏ।

3 : ਹੁਣ ਉਹ ਘਰ ਉਹਦਾ ਆਪਣਾ ਨਹੀਂ ਹੈ।

5 : ਜਿਥੇ ਉਹ ਜੰਮੀ, ਉਹ ਪਲੀ।

6 : ਜਿਥੇ ਉਹ ਗੁੱਡੀਆਂ ਪਟੋਲਿਆਂ ਨਾਲ ਖੇਡੀ।

1 : ਜਿਥੇ ਉਹ ਆਜ਼ਾਦੀ ਨਾਲ ਹੱਸੀ ਖੇਡੀ।

2 : ਜੀਹਦੀਆਂ ਕੰਧਾਂ ਨਾਲ ਉਹਦੀ ਸਾਂਝ ਸੀ।

3 : ਜੀਹਦੇ ਵਿਹੜੇ ਵਿਚ ਉਹ ਨੱਚੀ ਟੱਪੀ।

5 : ਹਾਂ ਹੁਣ ਉਹ ਘਰ ਉਹਦਾ ਆਪਣਾ ਨਹੀਂ ਹੈ।

6 : ਉਹਨੇ ਕਿਸੇ ਹੋਰ ਘਰ ਜਾਣਾ ਹੈ।

1 : ਕਿਹੜੇ ਘਰ ਜਾਣਾ ਹੈ ?

2 : ਪਤਾ ਨਹੀਂ ਕਿਹੜੇ ਘਰ ਜਾਣਾ ਹੈ।

3 : ਕਿਸਮਤਾਂ ਦੀ ਖੇਡ ਹੈ।

5 : ਤਕਦੀਰਾਂ ਦਾ ਭੇਤ ਏ।

1 : ਤੁਸੀਂ ਨੁਮਾਇਸ਼ ਦਾ ਸ਼ਬਦ ਸੁਣਿਆ ਹੀ ਹੋਣਾ ਏ, ਜਿਸਨੂੰ ਪ੍ਰਦਸ਼ਨੀ ਕਹਿੰਦੇ ਹਨ।

2 : ਨੁਮਾਇਸ਼ ਹੁੰਦੀ ਹੈ ਸਾੜੀਆਂ ਦੀ।

3 : ਨੁਮਾਇਸ਼ ਹੁੰਦੀ ਹੈ ਕਿਤਾਬਾਂ ਦੀ।

5 : ਨੁਮਾਇਸ਼ ਹੁੰਦੀ ਹੈ ਚੀਨੀ ਦੇ ਬਰਤਨਾਂ ਦੀ।

1 : ਨੁਮਾਇਸ਼ ਵਿਚ ਹਰ ਚੀਜ਼ ਟੋਹ ਟੋਹ ਕੇ ਦੇਖੀ ਜਾਂਦੀ ਹੈ।

2 : ਨੁਮਾਇਸ਼ ਵਿਚ ਹਰ ਚੀਜ਼ ਟੁਣਕਾ ਟੁਣਕਾ ਕੇ ਦੇਖੀ ਜਾਂਦੀ ਹੈ।

3 : ਹਰ ਚੀਜ਼ ਘੋਖ ਘੋਖ ਕੇ ਦੇਖੀ ਜਾਂਦੀ ਹੈ।

5 : ਹਰ ਚੀਜ਼ ਨਾਪੀ ਜਾਂਦੀ ਹੈ, ਹਰ ਚੀਜ਼ ਤੋਲੀ ਜਾਂਦੀ ਹੈ।

6 : ਤੇ ਹਰ ਗਾਹਕ ਨੂੰ ਖੁਲ੍ਹ ਹੈ ਕਿ

1 : ਉਹਨੂੰ ਟੋਹ ਟੋਹਕੇ ਦੇਖੇ।

2 : ਟੁਣਕਾ ਟੁਣਕਾ ਕੇ ਦੇਖੇ।

3 : ਘੋਖ ਘੋਖ ਕੇ ਦੇਖੇ।

5 : ਨਾਪਕੇ ਦੇਖੇ।

6 : ਤੋਲਕੇ ਦੇਖੇ

*(ਫਿਰ ਇਕ ਨੁੱਕਰ ਵਿਚ ਜਾ ਕੇ ਸਲਾਹ ਕਰਦੀਆਂ ਹਨ।)*

2 : ਮੈਨੂੰ ਤਾਂ ਭਾਬੀ ਪਸੰਦ ਏ।

1 : ਚੁੱਪ ਕਰ ਮਰ ਜਾਣੀਏ, ਤੈਨੂੰ ਤਾਂ ਹਰ ਇਕ ਚੀਜ਼ ਇਕ ਦਮ ਪਸੰਦ ਆ ਜਾਂਦੀ ਏ।

3 : ਰੰਗ ਦੀ ਸਾਂਵਲੀ ਏ।

2 : ਭਾਬੀ ਤੇਰੇ ਨਾਲੋਂ ਤਾਂ ਗੋਰੀ ਏ।

1 : ਤੂੰ ਚੁੱਪ ਕਰ, ਪਾਊਡਰ ਥੱਪਿਆ ਹੋਇਆ ਸੂ।

2 : ਵੀਰ ਤੇਰੀ ਕੀ ਸਲਾਹ ਏ ?

ਏ : ਤੁਹਾਡੀ ਸਲਾਹ ਮੇਰੀ ਸਲਾਹ ਏ।

1 : ਆਹੋ ਇਹ ਮੇਰਾ ਪੁੱਤਰ ਏ ਜੋ ਸਾਡੀ ਸਲਾਹ ਹੋਵੇਗੀ, ਉਹੀ ਇਹਦੀ ਹੋਵੇਗੀ।

3 : ਪਰ ਕਦ ਤਾਂ ਵੇਖਿਆ ਨਹੀਂ।

2 : ਲੰਮੀ ਲਗਦੀ ਏ।

1 : ਬੈਠਿਆਂ ਕੀ ਪਤਾ ਲਗਦਾ ਏ ?

3 : ਉਠਾਕੇ ਵੇਖੋ।

2 : ਆਹੋ ਮਿਣਕੇ ਵੇਖੋ।

ਏ : ਫੀਤਾ ਮੈਂ ਦੇਂਦਾ ਹਾਂ।

1 : ਫੀਤਾ ਕੀ ਕਰਨਾ ਏ, ਮੈਂ ਉਂਝ ਹੀ ਵੇਖ ਲਵਾਂਗੀ।

*(1 ਕੁੜੀ ਵੱਲ ਆਉਂਦੀ ਹੈ, ਬਾਕੀ ਉਥੇ ਹੀ ਖੜੋਤੇ ਹਨ।)*

1 : (ਬੜੀ ਚਲਾਕੀ ਨਾਲ ਉਤੋਂ ਉਤੋਂ ਪਿਆਰ ਵਿਖਾ ਕੇ) ਹੈ ਖਾਂ, ਕਿਡੀ ਪਿਆਰੀ ਏ, ਕਿਡੀ ਸੋਹਣੀ ਏ, ਉਠ ਖਾਂ ਤੈਨੂੰ ਜੱਫੀ ਪਾਵਾਂ।

*(1 ਕੁੜੀ ਨੂੰ ਕਲਾਵੇ ਵਿਚ ਲੈਂਦੀ ਹੈ।2, 3 ਤੇ ਏ ਦੇ ਐਕਸ਼ਨ ਇਸ ਤਰ੍ਹਾਂ ਹਨ ਕਿ ਉਹ ਘੋਖ ਰਹੇ ਹਨ ਕਿ ਕੱਦ ਕਿੰਨਾ ਹੈ ?)*

5 : ਤੇ ਇਸ ਤਰ੍ਹਾਂ ਕੱਦ ਬਗ਼ੈਰ ਫੀਤਾ ਹੀ ਮਿਣਿਆ ਗਿਆ। ਸੱਸ ਮੇਰੀ ਡੂੰਘੇ ਪਾਣੀਆਂ ਦੀ ਤਾਰੂ, ਟੁੱਬੀ ਲਾ ਸਭ ਲਭਦੀ।

*(ਦੂਜੀ ਨੁੱਕਰ 'ਤੇ)*

2 : ਕੱਦ ਦੀ ਤਾਂ ਲੰਮੀ ਏ।

3 : ਸੈਂਡਲ ਤਾਂ ਵੇਖ ਕਿੰਨੀ ਉੱਚੀ ਅੱਡੀ ਵਾਲੀ ਪਾਈ ਹੋਈ ਸੂ।

1 : ਤੇਰਾ ਕੀ ਖਿਆਲ ਏ ਕਾਕਾ ?

ਏ : ਮੇਰਾ ਕੀ ਖਿਆਲ ਹੋਣਾ ਏ ?

5 : ਕਾਕੇ ਦਾ ਕੀ ਖਿਆਲ ਹੋਣਾ ਏ, ਉਹਨੂੰ ਤਾਂ ਇਕ ਕੁੜੀ ਚਾਹੀਦੀ ਹੈ।

*(1, 2, 3, ਏ ਸਲਾਹਵਾਂ ਦੇ ਮੂਕ ਐਕਸ਼ਨ ਵਿਚ ਹਨ।)*

5 : ਤੇ ਸਿਰ ਜੋੜ ਜੋੜਕੇ ਸਲਾਹਵਾਂ ਕੀਤੀਆਂ ਗਈਆਂ, ਜਿਸ ਤਰ੍ਹਾਂ ਕਿਸੇ ਮਾਲ ਮੰਡੀ ਵਿਚ ਗਾਂ-ਮੱਝ ਖਰੀਦਣ ਵੇਲੇ ਕੀਤੀ ਜਾਂਦੀ ਹੈ।

1 : ਉਸਨੂੰ ਬਿਠਾਕੇ ਵੇਖਿਆ ਗਿਆ, ਉਠਾਕੇ ਵੇਖਿਆ ਗਿਆ, ਤੁਰਾ ਕੇ ਵੇਖਿਆ ਗਿਆ, ਦੁੜਾ ਕੇ ਵੇਖਿਆ ਗਿਆ ਤੇ ਸਾਰੀ ਪੜਤਾਲ ਪਿਛੋਂ ਜਦੋਂ ਪੁੱਛਿਆ ਗਿਆ...

5 : (1, 2, 3 ਅਤੇ ਏ ਨੂੰ ਸੰਬੋਧਨ) ਕਿਉਂ ਭੈਣ ਜੀ ਫੇਰ ਕੀ ਸਲਾਹ ਜੇ?

1 : ਭੈਣ ਜੀ ਕੁੜੀ ਤਾਂ ਸਾਨੂੰ ਡਾਢੀ ਪਸੰਦ ਏ।

5 : ਫੇਰ ਕਦੋਂ ਦੇਈਏ ਸ਼ਗਨ ?

1 : ਏਡੀ ਕਾਹਲ ਕੀ ਏ ? ਅਸੀਂ ਜਾਕੇ ਚਿੱਠੀ ਲਿਖਾਂਗੇ।

3 : ਇਕ ਦੋ ਥਾਂ ਤੋਂ ਹੋਰ ਵੀ ਰਿਸ਼ਤੇ ਆ ਰਹੇ ਨੇ, ਸਲਾਹ ਕਰਕੇ ਦਸਾਂਗੇ।

*(1, 2, 3, ਏ ਜਾਂਦੇ ਹਨ।)*

5 : ਤੇ ਗਾਹਕ ਚਲੇ ਗਏ।
ਉਹਨਾਂ ਹੋਰ ਵੀ ਕਈ ਥਾਂਈ ਸੌਦਾ ਵੇਖਣਾ ਸੀ

4 : ਤੇ ਇਸ ਤਰ੍ਹਾਂ ਗਾਹਕ ਆਉਂਦੇ ਗਏ, ਗਾਹਕ ਜਾਂਦੇ ਗਏ ਪਰ ਉਸ

ਕੁੜੀ 'ਤੇ ਕੀ ਬੀਤੀ ਜੋ ਆਪਣੇ ਬਾਬਲ ਦੇ ਵਿਹੜੇ ਵਿਚ ਹੀ ਇਕ ਧੀ ਤੋਂ ਇਕ ਵਿਕਣ ਵਾਲੀ, ਪਸੰਦ ਆਉਣ ਵਾਲੀ ਬੇਜਾਨ ਵਸਤੂ ਵਿਚ ਬਦਲ ਗਈ।

*(1, 2, 3, 5, 6 ਸਾਰੀਆਂ ਫੇਰ ਸਟੇਜ 'ਤੇ ਆਂਦੀ ਆਂ ਹਨ।)*

1, 2, 3 : ਤੇ ਇਹ ਸੀ ਦਾਸਤਾਨ ਸਾਡੀ।

## ਤੀਜੀ ਝਾਕੀ

4, 5, 6 : ਪਰ ਬਹੁਤ ਕੁਝ ਸੁਨਣਾ ਏ ਹਾਲੇ ਬਾਕੀ

1, 2, 3 : ਸਭ ਕੁਝ ਸਹਿਕੇ ਔਰਤ ਨੇ ਹੋਣਾ ਹੈ ਕਦੇ ਤਾਂ ਆਕੀ

4, 5, 6 : ਦਾਸਤਾਂ ਅੱਗੇ ਉਸ ਵੇਲੇ ਦੀ
ਔਰਤ ਹੋ ਗਈ ਜਦੋਂ ਬਾਗ਼ੀ
ਔਰਤ ਹੋ ਗਈ ਜਦੋਂ ਬਾਗ਼ੀ
ਔਰਤ ਹੋ ਗਈ ਜਦੋਂ ਬਾਗ਼ੀ

*(ਕਹਿੰਦੀਆਂ ਕਹਿੰਦੀਆਂ ਸਟਿੱਲ ਹੋ ਜਾਂਦੀਆਂ ਹਨ ਤੇ ਇਕ ਪਲ ਬਾਅਦ ਹੀ...)*

1 : ਅਸੀਂ ਔਰਤਾਂ ਹਾਂ, ਦੁਨੀਆਂ ਦੀ ਅੱਧੀ ਅਬਾਦੀ ਸਾਡੀ ਹੈ।

2 : ਸਮਾਜ ਦੇ ਹਰ ਕੰਮ ਵਿਚ ਸਾਡੀ ਹਿੱਸੇਦਾਰੀ ਹੈ।

3 : ਅਸੀਂ ਘਰ ਦਾ ਕੰਮ ਕਰਦੀਆਂ ਹਾਂ, ਮਰਦ ਬਾਹਰ ਕਮਾਉਂਦਾ ਹੈ।

4 : ਅਸੀਂ 14 ਘੰਟੇ ਕੰਮ ਕਰਦੀਆਂ ਨੇ, ਉਹ 8 ਘੰਟੇ ਕਰਦਾ ਹੈ।

5 : ਪਰ ਉਹ ਮਾਲਕ ਹੈ ਤੇ ਅਸੀਂ ਅਧੀਨ ਹਾਂ।

ਇਕੱਠੀਆਂ : ਇਹ ਕਿਉਂ ?

1 : ਕਿਉਂਕਿ ਉਹ ਪੈਸੇ ਦੀ ਸ਼ਕਲ ਵਿਚ ਤਨਖਾਹ ਘਰ ਲਿਆਉਂਦਾ ਹੈ, ਉਹਦੀ ਕਮਾਈ ਦਾ ਮੁੱਲ ਪੈਸੇ ਵਿਚ ਹੈ।

2 : ਸਾਨੂੰ ਤਨਖਾਹ ਨਹੀਂ ਮਿਲਦੀ ਤੇ ਸਾਡਾ ਕੀਤਾ ਕੰਮ ਭੰਗ ਦੇ ਭਾੜੇ ਜਾਂਦਾ ਹੈ।

3 : ਕੰਮ ਉਹ ਵੀ ਕਰਦਾ ਹੈ।

4 : ਕੰਮ ਅਸੀਂ ਵੀ ਕਰਦੀਆਂ ਹਾਂ।

5 : ਤੇ ਫੇਰ ਇਹ ਅਧੀਨਗੀ ਕਦੋਂ ਮੁਕੇਗੀ ?

1 : ਇਹ ਇਕ ਵੱਡਾ ਸਵਾਲ ਹੈ।

2 : ਇਸਦਾ ਜਵਾਬ ਅਸੀਂ ਲਭਣਾ ਹੈ।

3 : ਹਾਂ ਇਸਦਾ ਜਵਾਬ ਅਸੀਂ ਲੱਭਣਾ ਹੈ।

4 : ਇਹ ਅਧੀਨਗੀ ਉਸ ਵੇਲੇ ਮੁੱਕੇਗੀ ਜਦੋਂ ਅਸੀਂ ਵੀ ਉਹ ਕੰਮ

ਕਰਾਂਗੀਆਂ, ਜਿਸ ਦੀ ਸਮਾਜ ਵਿਚ ਕੀਮਤ ਹੋਏ, ਕਦਰ ਹੋਏ।

5 : ਕੀਮਤ ਹੋਏ, ਕਦਰ ਹੋਏ ?

1 : ਹਾਂ ਕੀਮਤ ਹੋਏ, ਕਦਰ ਹੋਏ, ਜਦੋਂ ਅਸੀਂ ਵੀ ਬਾਹਰ ਕੰਮ ਕਰਾਂਗੀਆਂ।

2 : ਸਾਡਾ ਕੰਮ ਵੀ ਘਰ ਨਕਦ ਪੈਸਾ ਲਿਆਵੇਗਾ।

3 : ਪਰ ਕੀ ਇਸ ਤਰ੍ਹਾਂ ਘਰ ਦੀ ਖੁਸ਼ੀ ਰਹਿ ਸਕੇਗੀ ?

4 : ਸ਼ੁਰੂ ਸ਼ੁਰੂ ਵਿਚ ਮੁਸ਼ਕਲ ਏ।

5 : ਬਾਅਦ ਵਿਚ ਸਭ ਸਮਝ ਜਾਣਗੇ।

1 : ਜੇ ਨਹੀਂ ਸਮਝਣਗੇ ਤਾਂ ਸਮਝਾਣਾ ਪਏਗਾ।

2 : ਜੇ ਨਹੀਂ ਅਹਿਸਾਸ ਤਾਂ ਕਰਵਾਉਣਾ ਪਏਗਾ।

ਸਾਰੀਆਂ : ਹਾਂ ਹਾਂ ਅਹਿਸਾਸ ਕਰਵਾਉਣਾ ਪਏਗਾ
ਅਹਿਸਾਸ ਕਰਵਾਉਣਾ ਪਏਗਾ
ਕਰਵਾਉਣਾ ਪਏਗਾ

*(ਤੇ ਪਿੱਠ ਦੀ ਦੀਵਾਰ ਬਣ ਜਾਂਦੀ ਹੈ। ਇਕ ਸਿਰੇ ਤੋਂ 2 ਆਉਂਦੀ ਹੈ, ਦੂਜੇ ਸਿਰੇ ਤੋਂ 'ਏ' ਆਉਂਦਾ ਹੈ। ਦੋਨੋਂ ਕੰਮ ਤੋਂ ਆਏ ਹਨ। ਹੱਕ ਵਿਚ ਟਿਫਨ ਕੈਰੀਅਰ ਹਨ।)*

2 : ਮੈਂ ਵੀ ਕੰਮ ਤੋਂ ਆਈ ਹਾਂ, ਉਹ ਵੀ ਕੰਮ ਤੋਂ ਆਇਆ ਹੈ।

ਏ : ਕਮਲਾ ਜੇ ਚਾਹ ਮਿਲ ਜਾਏ ? ਬਹੁਤ ਥੱਕ ਗਿਆ ਹਾਂ।

2 : ਰਮੇਸ਼ ਜੇ ਚਾਹ ਬਣਾ ਲਵੇਂ ਤਾਂ ਬਹੁਤ ਚੰਗਾ ਹੋਵੇ, ਮੈਂ ਬਹੁਤ ਥੱਕ ਗਈ ਆਂ।

ਏ : ਸਾਰਾ ਦਿਨ ਕਾਗਜ਼ਾਂ ਨਾਲ ਮਗਜ਼ਮਾਰੀ ਕੀਤੀ, ਸਿਰ ਦੁੱਖੀ ਜਾ ਰਿਹਾ ਏ।

2 : ਸਾਰਾ ਦਿਨ ਬੱਚਿਆਂ ਨੇ ਮਗਜ਼ ਖਾਧਾ, ਸਿਰ ਭਾਰਾ ਹੋ ਰਿਹਾ ਏ।

ਏ : ਤੂੰ ਚਾਹ ਬਣਾ ਦੇ।

2 : ਉਠਕੇ ਆਪ ਬਣਾ ਲਵੋ।

ਏ : ਮੈਨੂੰ ਸਟੋਵ ਬਾਲਣਾ ਨਹੀਂ ਆਉਂਦਾ।

2 : ਤੁਹਾਨੂੰ ਸਕੂਟਰ ਚਲਾਉਣਾ ਆਉਂਦਾ ਹੈ ?

ਏ : ਹਾਂ।

2 : ਤੁਹਾਨੂੰ ਮਸ਼ੀਨ ਚਲਾਉਣੀ ਆਉਂਦੀ ਹੈ ?

ਏ : ਹਾਂ।

2 : ਫੇਰ ਸਟੋਵ ਬਾਲਣਾ ਵੀ ਸਿੱਖ ਲਵੋ।

ਏ : ਇਹ ਮੇਰਾ ਕੰਮ ਨਹੀਂ।

2 : ਮੁਆਫ ਕਰਨਾ ਫੇਰ ਇਹ ਮੇਰਾ ਕੰਮ ਵੀ ਨਹੀਂ।

ਏ : (ਤਲਖੀ ਨਾਲ) ਮੈਨੂੰ ਚਾਹ ਚਾਹੀਦੀ ਏ।

2 : ਉਹ ਤਾਂ ਮੈਨੂੰ ਵੀ ਚਾਹੀਦੀ ਏ।

ਏ : ਮੈਂ ਬਾਹਰ ਜਾਕੇ ਪੀ ਆਵਾਂਗਾ।

2 : ਦਰਵਾਜ਼ਾ ਖੁੱਲ੍ਹਿਆ ਏ।

*('ਏ' ਗੁੱਸੇ ਵਿਚ ਬਾਹਰ ਜਾਂਦਾ ਹੈ।)*

2 : ਉਹ ਚਲਿਆ ਗਿਆ, ਮੈਨੂੰ ਦੁੱਖ ਲਗਿਆ ਮੈਂ ਕਿਹੋ ਜਿਹੀ ਪਤਨੀ ਹਾਂ, ਜਿਹੜੀ ਆਪਣੇ ਪਤੀ ਨੂੰ ਚਾਹ ਵੀ ਨਹੀਂ ਪਿਆ ਸਕੀ, ਪਰ ਦੂਜੀ ਸੋਚ ਇਹ ਵੀ ਹੈ ਕਿ ਘਰ ਦੇ ਕੰਮ ਨੂੰ ਵੰਡਿਆ ਕਿਉਂ ਨਾ ਜਾਏ।

1,3,4,5 : (ਮੁੜਕੇ) ਹਾਂ ਹਾਂ ਵੰਡਿਆ ਕਿਉਂ ਨਾ ਜਾਏ ?

1 : ਇਹ ਕਿਥੇ ਲਿਖਿਆ ਹੈ ਕਿ ਮਰਦ ਜੇਕਰ ਦਫਤਰ ਜਾਏ ਤਾਂ ਜਰਾਬਾਂ ਜ਼ਰੂਰ ਪਤਨੀ ਨੇ ਲੱਭਣੀਆਂ ਨੇ।

2 : ਇਹ ਕਿਥੇ ਲਿਖਿਆ ਹੈ ਕਿ ਮਰਦ ਨੂੰ ਕੰਮ ਜਾਣ ਵੇਲੇ ਰੁਮਾਲ ਪਤਨੀ ਨੇ ਦੇਣਾ ਹੈ।

3 : ਇਹ ਕਿਥੇ ਲਿਖਿਆ ਹੈ ਕਿ ਮਰਦ ਨੇ ਘਰ ਵਿਚ ਖਲਾਰਾ ਪਾਣਾ ਹੈ ਤਾਂ ਸਫਾਈ ਪਤਨੀ ਨੇ ਹੀ ਕਰਨੀ ਏ।

4 : ਬਦਲਦੇ ਸਮੇਂ ਨਾਲ ਮਰਦ ਕਿਉਂ ਨਾ ਬਦਲੇ ?

5 : ਹਾਂ ਹਾਂ ਮਰਦ ਕਿਉਂ ਨਾ ਬਦਲੇ<br>
ਮਰਦ ਕਿਉਂ ਨਾ ਬਦਲੇ<br>
ਕਿਉਂ ਨਾ ਬਦਲੇ<br>
ਕਿਉਂ ਨਾ ਬਦਲੇ

*(ਕੋਰਸ ਫੇਰ ਕੰਧ ਬਣ ਜਾਂਦਾ ਹੈ। ਇਕ ਸਰੇ ਤੋਂ ਰਮੇਸ਼ frying pan ਚੁੱਕੀ ਆਉਂਦਾ ਹੈ, ਜਿਸ ਤਰ੍ਹਾਂ ਅੰਡਾ ਫੈਂਟ ਰਿਹਾ ਹੋਏ।)*

2 : ਕੁਝ ਇਹਨਾਂ ਕੀਤਾ, ਕੁਝ ਮੈਂ ਕੀਤਾ...

1 : (ਲੋਕਾਂ ਨੂੰ ਹੱਸਦਿਆਂ ਵੇਖਕੇ) ਤੁਸੀਂ ਹੱਸ ਰਹੇ ਹੋ, ਇਹ ਮਰਦ ਤੁਹਾਨੂੰ ਕਿਚਨ ਦਾ ਕੰਮ ਕਰਦਾ ਝੁੱਡੂ ਲੱਗ ਰਿਹਾ ਹੈ।

2 : ਪਰ ਇਹੋ ਕੰਮ ਜੇਕਰ ਔਰਤ ਕਰੇ ਤਾਂ ਉਹ ਕਿਉਂ ਨਹੀਂ ਝੁੱਡੂ ?

3 : ਪਰ ਉਹ ਤੁਹਾਨੂੰ ਝੁੱਡੂ ਨਹੀਂ ਲਗੇਗੀ।

4 : ਕਿਉਂਕਿ ਤੁਹਾਡੇ ਸੰਸਕਾਰ ਇਹੋ ਜਿਹੇ ਬਣੇ ਹੋਏ ਨੇ, ਜੋ ਔਰਤ ਨੂੰ ਸਿਰਫ ਚੌਕੇ ਵਿਚ ਵੇਖਣ ਦੇ ਆਦੀ ਨੇ।

5 : ਪਰ ਸਮਾਂ ਬਦਲ ਗਿਆ ਹੈ।

1 : ਤੇ ਇਹ ਸੰਸਕਾਰ ਵੀ ਬਦਲਣਗੇ।
2 : ਔਰਤ ਦੀ ਥਾਂ ਹਮੇਸ਼ਾਂ ਲਈ ਚੁਲ੍ਹੇ ਅਗੇ ਨਹੀਂ।
3 : ਚੁਲ੍ਹੇ ਦਾ ਕੰਮ ਹੱਡ ਭੰਨਵਾ ਹੈ, ਪਰ ਉਹਦੀ ਕੀਮਤ ਕੋਈ ਨਹੀਂ।
4 : ਹਾਂ ਹੱਡ ਭੰਨਵਾ ਹੈ ਪਰ ਉਹਦੀ ਕਦਰ ਕੋਈ ਨਹੀਂ।
5 : ਜੇ ਅੱਜ ਦੁਨੀਆਂ ਜਾਣ ਗਈ ਹੈ ਕਿ ਮਜ਼ਦੂਰ ਦੀ ਲੁੱਟ ਕਿਉਂ ਹੁੰਦੀ ਏ।
1 : ਤਾਂ ਉਹ ਇਹ ਵੀ ਜਾਣ ਗਈ ਹੈ ਕਿ ਔਰਤ ਦੀ ਲੁੱਟ ਕਿਉਂ ਹੁੰਦੀ ਏ।
3 : ਔਰਤ ਵੀ ਇਕ ਮਜ਼ਦੂਰ ਏ।
4 : ਉਹਦੀ ਕਦਰ ਤਾਂ ਹੀ ਹੋਵੇਗੀ ਜੇਕਰ ਉਹ ਸਮਾਜਕ ਕਦਰਾਂ ਵਾਲੇ ਕੰਮ ਕਰੇਗੀ।

*(2 ਤੇ 5 ਇਹੋ ਜਿਹੇ ਐਕਸ਼ਨ ਕਰ ਰਹੇ ਹਨ, ਜਿਸ ਤਰ੍ਹਾਂ ਉਹ ਬਾਹਰ ਜਾਣ ਵਾਸਤੇ ਤਿਆਰੀ ਕਰ ਰਹੇ ਹਨ।)*

5 : ਇਸ ਲਈ ਉਹ ਘਰੋਂ ਨਿਕਲ ਪਈ ਏ।
1 : ਪਰ ਕੀ ਜਦੋਂ ਉਹ ਘਰੋਂ ਨਿਕਲ ਪਈ ਏ ਤਾਂ ਮਰਦ ਨੇ ਇਸ ਸਚਾਈ ਨੂੰ ਸਵੀਕਾਰ ਕਰ ਲਿਆ ਹੈ?
2 : ਨਹੀਂ ਸੰਸਕਾਰ ਬੜੀ ਮੁਸ਼ਕਲ ਮਰਦੇ ਨੇ।
4 : ਆਦਤਾਂ ਬਹੁਤ ਮੁਸ਼ਕਲ ਹਟਦੀਆਂ ਹਨ।
5 : ਮਰਦ ਨੇ ਔਰਤ ਨੂੰ ਹਮੇਸ਼ਾਂ ਇਕ ਅਯਾਸ਼ੀ ਦਾ ਸਾਧਨ, ਇਕ ਘਟੀਆ ਵਸਤੂ ਸਮਝਿਆ ਹੈ।
1 : ਸਾਡੀ ਨਾਇਕਾ ਦਫਤਰ ਵਿਚ ਏ।
2 : ਉਹਦਾ ਇਕ ਮਰਦ ਏ।
4 : ਤੇ ਮਰਦ ਵੀ ਘਟੀਆ ਏ।
5 : ਤੇ ਘਟੀਆ ਹੀ ਉਹਦੇ ਦੋਸਤ ਨੇ।
1 : ਇਹ ਘਟੀਆ ਮਰਦ ਤੁਹਾਨੂੰ ਆਮ ਤੌਰ 'ਤੇ ਯੂਨੀਵਰਸਿਟੀ ਦੀ ਕੰਨਟੀਨ ਵਿਚ ਕੁੜੀਆਂ ਨੂੰ ਘੂਰਦੇ ਦਿਸਦੇ ਹਨ।
2 : ਤੁਸੀਂ ਪੁਛੋਗੇ ਉਹ ਯੂਨੀਵਰਸਿਟੀ ਕਿਉਂ ਹਨ, ਕੀ ਉਹ ਵਿਦਿਆਰਥੀ ਹਨ?
4 : ਨਹੀਂ, ਉਹ ਸਮਾਜ ਦੇ ਕੁਝ ਵਿਹਲੇ ਬੰਦੇ ਹਨ, ਖਾਂਦੇ ਪੀਂਦੇ ਘਰਾਂ ਦੇ ਕਾਕੇ, ਕਚਹਿਰੀ ਵਿਚ ਪੈਰ ਰੱਖਣ ਵਾਲੇ।
5 : ਤੇ ਵਿਹਲਾ ਸਮਾਂ ਕੱਟਣ ਲਈ ਆਉਂਦੇ ਹਨ।
1 : ਪਰ ਉਹ ਘਟੀਆ ਹਨ ਸਮਾਜ ਲਈ, ਬਹੁਤ ਘਟੀਆ ਹਨ।

2 : ਇਹ ਘਟੀਆ ਬੰਦੇ ਤੁਹਾਨੂੰ ਚੌਂਕਾਂ ਵਿਚ ਆਵਾਜ਼ੇ ਕੱਸਦੇ ਵੀ ਮਿਲਦੇ ਹਨ।

4 : ਇਹ ਘਟੀਆ ਬੰਦੇ ਬੱਸਾਂ ਵਿਚ ਖਰੂਦ ਕਰਦੇ ਵੀ ਮਿਲਦੇ ਹਨ।

5 : ਇਹ ਘਟੀਆ ਬੰਦੇ ਦਫਤਰਾਂ ਵਿਚ ਵੀ ਮਿਲਦੇ ਹਨ।

*(ਏ ਅਤੇ ਬੀ ਆਕੇ ਬੈਠਦੇ ਹਨ।)*

ਏ : ਸੁਣਿਐ ਯਾਰ ਤੇਰੀ ਨਵੀਂ ਸਟੈਨੋ ਆਈ ਹੈ।

ਬੀ : ਤੈਨੂੰ ਕਿਸ ਤਰ੍ਹਾਂ ਪਤਾ ਲੱਗਾ ?

ਏ : ਓਏ ਸਾਨੂੰ ਖੁਸ਼ਬੂ ਆ ਗਈ।

ਬੀ : ਹਾਂ ਨਵੀਂ ਹੀ ਆਈ ਏ।

ਏ : ਕਿਹੋ ਜਿਹਾ ਮਾਲ ਏ ?

ਬੀ : ਚੰਗਾ ਮਾਲ ਏ।

ਏ : ਦਰਸ਼ਨ ਕਰਵਾ।

ਬੀ : ਲੈ ਹੁਣੇ ਕਰਨੇ ਹਾਂ ਹਾਜ਼ਰ

*(ਮਾਇਮ ਵਿਚ ਟੱਲੀ ਵਜਾਉਂਦਾ ਹੈ।)*

3 : ਯੈਸ ਸਰ... ਕੋਈ ਡਿਕਟੇਸ਼ਨ ਦੇਣੀ ਏ ?

ਏ : ਯਾਰ ਇਹਨੂੰ ਕਹਿੰਦੇ... ਇਹਨੂੰ ਤਾਂ ਰੱਬ ਨੇ ਆਪ ਡਿਕਟੇਸ਼ਨ ਦੇਕੇ ਘੜਿਆ ਹੈ।

ਬੀ : ਓਏ ਕਾਹਲਾ ਨਾ ਪੈ

3 : ਹਾਂ ਸਰ ਕੋਈ ਕੰਮ ਏ ?

ਏ : (ਆਪਣੇ ਆਪ ਵਿਚ) ਹੁਣ ਤਾਂ ਕੰਮ ਹੀ ਕੰਮ ਏ।

ਬੀ : ਓਏ ਸਬਰ ਕਰ– ਹਾਂ ਗੀਟਾ ਅੱਜ ਤੁਹਾਡਾ ਸ਼ਾਮ ਦਾ ਕੀ ਪ੍ਰੋਗਰਾਮ ਏ?

3 : ਕੀ ਮਤਲਬ ਸਰ ?

ਏ : (ਇਕ ਪਾਸੇ) ਔਖੀ ਬੋਲਦੀ ਏ।

ਬੀ : ਸੌਖਾ ਬੋਲਣ ਲੱਗ ਪਏਗੀ, ਹਾਲੇ ਨਵੀਂ ਏ– ਮੇਰਾ ਮਤਲਬ ਏ ਗੀਟਾ ਇਹ ਮੇਰਾ ਦੋਸਤ ਏ, ਇਸਦੀ ਬਰਥ ਡੇ ਪਾਰਟੀ ਏ।

3 : ਅੱਛਾ ਇਹ ਅੱਜ ਦੇ ਦਿਨ ਜੰਮੇ ਸਨ...Happy Birthday To You ਭਾਈ ਸਾਹਿਬ

ਏ : ਭਾਈ ਸਾਹਿਬ, ਸਾਰਾ ਸਵਾਦ ਹੀ ਖਰਾਬ ਕਰ ਦਿੱਤਾ।

ਬੀ : ਇਹ ਚਾਹੁੰਦੇ ਨੇ ਕਿ ਤੁਸੀਂ ਉਸ ਪਾਰਟੀ ਵਿਚ ਸ਼ਾਮਲ ਹੋਵੋ।

3 : ਪਰ ਮੇਰੇ ਕੋਲ ਤਾਂ ਕੋਈ Present ਨਹੀਂ।

ਏ : ਤੁਸੀਂ ਤਾਂ ਆਪ ਹੀ Present ਹੋ ਮੇਰੀ ਜਾਨ।

3 : Non-Sense
1 : ਤੇ ਸਾਡੀ ਨਾਇਕਾ ਨੂੰ ਰੋਜ਼ ਇਹੋ ਜਿਹਾ ਤਜ਼ਰਬਾ ਹੁੰਦਾ ਹੈ।
2 : ਤੇ ਹੁਣ ਉਸਨੇ ਇਸਦੇ ਨਜਿੱਠਣ ਦਾ ਤਰੀਕਾ ਸਿੱਖ ਲਿਆ ਹੈ। ਉਹ ਆਪਣੇ ਨਾਲ ਦੀਆਂ ਸਾਥਣਾਂ ਨੂੰ ਬੁਲਾਉਂਦੀ ਹੈ।
1 : ਸਾਨੂੰ ਇਸ ਤਰ੍ਹਾਂ ਦੇ ਤਜ਼ਰਬੇ ਰੋਜ਼ ਕਰਨੇ ਪੈਂਦੇ ਨੇ।
2 : ਮਰਦ ਪ੍ਰਧਾਨ ਸਮਾਜ ਵਿਚ ਹਰ ਕੁਰਸੀ ’ਤੇ ਭੇੜੀਏ ਬੈਠੇ ਨੇ।
3 : ਪਰ ਕੀ ਅਸੀਂ ਇਨ੍ਹਾਂ ਤੋਂ ਡਰ ਜਾਣਾ ਏ ?
4 : ਨਹੀਂ ਅਸੀਂ ਇਨ੍ਹਾਂ ਦਾ ਮੁਕਾਬਲਾ ਕਰਨਾ ਏ।
5 : ਤੇ ਮੁਕਾਬਲਾ ਵੀ ਡੱਟ ਕੇ ਕਰਨਾ ਏ।
1 : ਅੱਜ ਦਾ ਯੁੱਗ ਸਾਇੰਸ ਦਾ ਯੁੱਗ ਏ।
2 : ਅੱਜ ਦਾ ਯੁੱਗ ਉਹ ਯੁੱਗ ਹੈ–
3 : ਜਦੋਂ ਮਨੁੱਖ ਨੇ ਜਿਸਮਾਨੀ ਨਹੀਂ ਬਲਕਿ ਦਿਮਾਗੀ ਮਿਹਨਤ ਹਾਵੀ
4 : ਤੇ ਦਿਮਾਗ ਦੇ ਪੱਖ ਤੋਂ ਔਰਤ ਕਿਸੇ ਤੋਂ ਘੱਟ ਨਹੀਂ।
5 : ਜੇਕਰ ਉਹ ਚੌਕੇ ਵਿਚ ਵਧੀਆ ਖਾਣੇ ਪਕਾ ਸਕਦੀ ਹੈ
1 : ਫੈਕਟਰੀਆਂ ਵਿਚ ਵਧੀਆ ਕਾਰੀਗਰ ਵੀ ਸਾਬਿਤ ਹੋ ਸਕਦੀ ਹੈ।
2 : ਜੇਕਰ ਉਹ ਘਰ ਨੂੰ ਸੋਹਣਾ ਬਣਾ ਸਕਦੀ ਹੈ
3 : ਤਾਂ ਉਹ ਸਮਾਜ ਨੂੰ ਵੀ ਸੋਹਣਾ ਬਣਾ ਸਕਦੀ ਹੈ।
4 : ਜੇਕਰ ਉਹ ਚੌਕੇ ਵਿਚ ਨਵੀਆਂ-ਨਵੀਆਂ ਚੀਜ਼ਾਂ ਬਣਾ ਸਕਦੀ ਹੈ
5 : ਤਾਂ ਲੈਬਾਰਟਰੀਆਂ ਵਿਚ ਔਖੇ ਤੋਂ ਔਖਾ ਤਜ਼ਰਬਾ ਵੀ ਕਰ ਸਕਦੀ ਹੈ।
1 : ਉਹ ਚੰਗੀ ਡਾਕਟਰ ਬਣ ਸਕਦੀ ਹੈ।
2 : ਉਚੇਰੀ ਇੰਜੀਨੀਅਰ ਬਣ ਸਕਦੀ ਹੈ।
3 : ਅੱਜ ਦਾ ਯੁੱਗ ਸਾਇੰਸ ਦਾ ਯੁੱਗ ਹੈ।
4 : ਅੱਜ ਦਾ ਯੁੱਗ ਮਨੁੱਖ ਦੀ ਬਰਾਬਰੀ ਦਾ ਯੁੱਗ ਹੈ।
5 : ਤੇ ਅੱਜ ਦਾ ਯੁੱਗ ਉਹ ਯੁੱਗ ਹੈ ਜਦੋਂ ਫਿਲਾਸਫਰਾਂ ਦਾ ਮਰਦ ਤੇ ਔਰਤ ਦੀ ਬਰਾਬਰੀ ਦਾ ਸੁਫਨਾ ਸਾਕਾਰ ਹੋਣ ਦਾ ਠੋਸ ਆਧਾਰ ਮੌਜੂਦ ਹੈ।
1 : ਅੱਜ ਦਾ ਯੁੱਗ ਸਾਇੰਸ ਦਾ ਯੁੱਗ ਹੈ।
2 : ਅੱਜ ਦਾ ਯੁੱਗ ਤਰਕ ਦਾ ਯੁੱਗ ਹੈ।
3 : ਅੱਜ ਦਾ ਯੁੱਗ ਮਨੁੱਖ ਦਾ ਯੁੱਗ ਹੈ।
4 : ਅੱਜ ਦਾ ਯੁੱਗ ਅਹਿਸਾਸ ਦਾ ਯੁੱਗ ਹੈ।
ਸਾਰੇ : ਤੇ ਅੱਜ ਦਾ ਯੁੱਗ ਬਰਾਬਰੀ ਦਾ ਯੁੱਗ ਹੈ।